# TODAY'S HUKAMNAMA FROM SRI DARBAR SAHIB
## Sri Amritsar.
### [July 3, 2013 Wednesday 04:30 AM. IST]

ਗੂਜਰੀ ਮਹਲਾ ੧ ॥

ਐ ਜੀ ਨਾ ਹਮ ਉਤਮ ਨੀਚ ਨ ਮਧਿਮ ਹਰਿ ਸਰਣਾਗਤਿ ਹਰਿ ਕੇ ਲੋਗ ॥ ਨਾਮ ਰਤੇ ਕੇਵਲ ਬੈਰਾਗੀ ਸੋਗ ਬਿਜੋਗ ਬਿਸਰਜਿਤ ਰੋਗ ॥੧॥ ਭਾਈ ਰੇ ਗੁਰ ਕਿਰਪਾ ਤੇ ਭਗਤਿ ਠਾਕੁਰ ਕੀ ॥ ਸਤਿਗੁਰ ਵਾਕਿ ਹਿਰਦੈ ਹਰਿ ਨਿਰਮਲੁ ਨਾ ਜਮ ਕਾਣਿ ਨ ਜਮ ਕੀ ਬਾਕੀ ॥੧॥ ਰਹਾਉ ॥ ਹਰਿ ਗੁਣ ਰਸਨ ਰਵਹਿ ਪ੍ਰਭ ਸੰਗੇ ਜੋ ਤਿਸੁ ਭਾਵੈ ਸਹਜਿ ਹਰੀ ॥ ਬਿਨੁ ਹਰਿ ਨਾਮ ਬ੍ਰਿਥਾ ਜਗਿ ਜੀਵਨੁ ਹਰਿ ਬਿਨੁ ਨਿਹਫਲ ਮੇਕ ਘਰੀ ॥੨॥ ਐ ਜੀ ਖੋਟੇ ਠਉਰ ਨਾਹੀ ਘਰਿ ਬਾਹਰਿ ਨਿੰਦਕ ਗਤਿ ਨਹੀ ਕਾਈ ॥ ਰੋਸੁ ਕਰੈ ਪ੍ਰਭੁ ਬਖਸ ਨ ਮੇਟੈ ਨਿਤ ਨਿਤ ਚੜੈ ਸਵਾਈ ॥੩॥ ਐ ਜੀ ਗੁਰ ਕੀ ਦਾਤਿ ਨ ਮੇਟੈ ਕੋਈ ਮੇਰੈ ਠਾਕੁਰਿ ਆਪਿ ਦਿਵਾਈ ॥ ਨਿੰਦਕ ਨਰ ਕਾਲੇ ਮੁਖ ਨਿੰਦਾ ਜਿਨ੍ਹ ਗੁਰ ਕੀ ਦਾਤਿ ਨ ਭਾਈ ॥੪॥ ਐ ਜੀ ਸਰਣਿ ਪਰੇ ਪ੍ਰਭੁ ਬਖਸਿ ਮਿਲਾਵੈ ਬਿਲਮ ਨ ਅਧੂਆ ਰਾਈ ॥ ਆਨਦ ਮੂਲੁ ਨਾਥੁ ਸਿਰਿ ਨਾਥਾ ਸਤਿਗੁਰੁ ਮੇਲਿ ਮਿਲਾਈ ॥੫॥ ਐ ਜੀ ਸਦਾ ਦਇਆਲੁ ਦਇਆ ਕਰਿ ਰਵਿਆ ਗੁਰਮਤਿ ਭ੍ਰਮਨਿ ਚੁਕਾਈ ॥ ਪਾਰਸੁ ਭੇਟਿ ਕੰਚਨੁ ਧਾਤੁ ਹੋਈ ਸਤਸੰਗਤਿ ਕੀ ਵਡਿਆਈ ॥੬॥ ਹਰਿ ਜਲੁ ਨਿਰਮਲੁ ਮਨੁ ਇਸਨਾਨੀ ਮਜਨੁ ਸਤਿਗੁਰੁ ਭਾਈ ॥ ਪੁਨਰਪਿ ਜਨਮੁ ਨਾਹੀ ਜਨ ਸੰਗਤਿ ਜੋਤੀ ਜੋਤਿ ਮਿਲਾਈ ॥੭॥ ਤੂੰ ਵਡ ਪੁਰਖੁ ਅਗੰਮ ਤਰੋਵਰੁ ਹਮ ਪੰਖੀ ਤੁਝ ਮਾਹੀ ॥ ਨਾਨਕ ਨਾਮੁ ਨਿਰੰਜਨ ਦੀਜੈ ਜੁਗਿ ਜੁਗਿ ਸਬਦਿ ਸਲਾਹੀ ॥੮॥੪॥

ਪ੍ਰਭੂ ਦੇ ਭਗਤ ਸੰਸਾਰ ਦੀ ਮਾਣ ਪ੍ਰਸਿੱਧੀ ਤੇ ਵਡਿਆਈ ਦੀ ਹੋਰਨਾ ਨਾਲ ਤੁਲਨਾ ਕਰਨ ਦੇ ਚਾਹਵਾਨ ਨਹੀਂ ਹੁੰਦੇ ।ਉਹ ਪ੍ਰਮੇਸ਼ਰ ਦੇ ਨਾਮ ਰੰਗ ਵਿਚ ਰੰਗੇ ਸੰਸਾਰ ਦੀ ਮੋਹ ਮਾਇਆ ਤੋਂ ਬੇਲਾਗ ਹੋਕੇ ਰਹਿੰਦੇ ਹਨ ਤੇ ਗੁਰਸ਼ਬਦ ਦੀ ਕਮਾਈ ਕਰਕੇ ਮੌਤ ਦੀ ਵੀ ਪਰਵਾਹ ਨਹੀ ਕਰਦੇ ।ਉਨ੍ਹਾਂ ਨੂੰ ਸਮਝ ਆ ਜਾਂਦੀ ਹੈ ਕਿ ਸੰਸਾਰ ਦੀਆਂ ਸਾਰੀਆ ਪ੍ਰਾਪਤੀਆਂ ਪ੍ਰਭੂ ਦੇ ਨਾਮ ਤੋਂ ਬਿਨਾ ਵਿਅਰਥ ਹਨ ।ਦੂਜੇ ਪਾਸੇ ਸੰਸਾਰਕ ਮਾਣ ਵਡਿਆਈ ਦੇ ਚਾਹਵਾਨ ਆਪਸੀ ਰੰਜਸ ਗਿਲੇ ਸ਼ਿਕਵੇ ਤੇ ਨਿੰਦਾ ਵਿਚ ਹੀ ਸੜਦੇ ਖਪਦੇ ਰਹਿੰਦੇ ਹਨ । ਉਨ੍ਹਾਂ ਨੂੰ ਗੁਰੂ ਦੀ ਸਿੱਖਿਆ ਨਹੀਂ ਸੁਖਾਂਦੀ। ਸਤਿਗੁਰੂ ਆਪਣੇ ਉਪਾਸ਼ਕਾਂ ਦੇ ਔਗੁਣ ਨਾਸ ਕਰਕੇ ਉਨ੍ਹਾਂ ਦਾ ਜੀਵਨ ਆਤਮਿਕ ਗੁਣਾ ਨਾਲ ਮਹਿਕਾ ਦਿੰਦਾ ਹੈ ।ਉਹ ਸਤਿਗੁਰਾਂ ਦੀ ਪਾਰਸ ਰੂਪੀ ਸੰਗਤ ਕਰਕੇ ਉੱਚੇ ਸੁੱਚੇ ਬਣ ਜਾਂਦੇ ਹਨ ।ਨਾਮ ਸਿਮਰਨ ਦੇ ਹਰੀ ਰੂਪੀ ਨਿਰਮਲ ਜਲ ਵਿਚ ਆਤਮਿਕ ਇਸ਼ਨਾਨ ਕਰਕੇ ਸਤਿਸੰਗੀ ਪ੍ਰਭੂ ਦੀ ਜੋਤ ਵਿਚ ਲੀਨਂ ਹੋਕੇ ਅਮਰ ਪਦ ਦੀ ਪ੍ਰਾਪਤੀ ਕਰ ਲੈਂਦੇ ਹਨ ।ਇਸ ਲਈ ਪ੍ਰਭੂ ਪਾਸੋਂ ਨਾਮ ਦੀ ਦਾਤ ਦੀ ਯਾਚਨਾ ਕਰਨੀ ਸਭਤੋਂ ਸ੍ਰੇਸ਼ਟ ਮੰਗ ਹੈ ।